**DISCLAIMER: This document has been translated for the convenience of the Homecoming at University Park residents, but if any discrepancies arise in the interpretation of the language between the two documents, the original English translation will be take precedence.**

ਯੂਨੀਵਰਸਿੱਟੀ ਪਾਰਕ ਹੋਮਕਮਿੰਗ
ਮਾਲਕ ਮਕਾਨ ਸੰਸਥਾ, ਨਿਗਮਤ
ਦੇ
ਨਿਦੇਸ਼ਕ ਬੋਰਡ ਵੱਲੋਂ ਪਾਰਤ ਮਤਿਆਂ ਲਈ
ਸਰਵਸੰਮਤ ਲਿਖਤ ਸਹਿਮਤੀ

ਅਸੀਂ ਸਾਰੇ, ਨਿਮਨਲਿਖਤ ਹਸਤਾਖਰਕਰਤਾ ਯੂਨੀਵਰਸਿੱਟੀ ਹੋਮਕਮਿੰਗ ਮਾਲਕ ਮਕਾਨ ਸੰਸਥਾ, ਨਿਗਮਤ, ("ਸੰਸਥਾ") ਦੇ ਨਿਦੇਸ਼ਕ ਹੋਣ ਦੇ ਨਾਤੇ ਇਹ ਅਧਿਕਾਰ ਦਿੰਦੇ ਹਾਂ ਅਤੇ ਨਿਮਨਲਿਖਤ ਸੰਗਠਤ ਕਾਰਵਾਈ ਕਰਦੇ ਹਾਂ:-

ਜਦਕਿ ਯੂਨੀਵਰਸਿਟੀ ਪਾਰਕ ਹੋਮਕਮਿੰਗ ਲਈ ਸਮਝੌਤੇ ਦੇ ਇਕਰਾਰ, ਸ਼ਰਤਾਂ ਅਤੇ ਪਾਬੰਦੀਆਂ, ਉਪਕਰਣ #2005-010281, ਮਤਾਬਕ ਅਪ੍ਰੈਲ 21, 2005 ਨੂੰ ਜੋਨਸਨ ਪ੍ਰਾਂਤ ਦਸਤਾਵੇਜ਼ ਵਿੱਚ ਦਰਜ (ਡੀ.ਸੀ.ਸੀ.ਆਰ.) ਹਨ, ਇਹ ਅਧਿਕਾਰ ਦਿੰਦੀਆਂ ਹਨ ਕਿ ਬੋਰਡ ਵਾਜਬ ਨਿਯਮ ਅਤੇ ਮਤੇ ਸਥਾਪਤ ਕਰ ਸਕਦਾ ਹੈ ਅਤੇ ਇਹ ਨਿਯਮ ਅਤੇ ਮਤੇ ਉਹਨਾਂ ਦੀ ਕਾਰਗਰ ਮਿਤੀ ਤੋਂ ਪਹਿਲਾਂ ਸਦੱਸ ਬਣਨ ਲਈ ਪੂਰੇ ਕੀਤੇ ਜਾਣ, ਅਤੇ

ਜਦਕਿ, ਡੀ.ਸੀ.ਸੀ.ਆਰ. ਨਿਮਨਲਿਖਤ ਵਿਆਖਿਆ ਕਰਦਾ ਹੈ:- ਅਨੁਛੇਦ 7.4(ਬੀ) ਮੁਤਾਬਕ ਪ੍ਰਤਿਬੰਧਕ ਵਾਹਨ ਮੁੱਖ ਤੌਰ ਤੇ ਵਰਤੇ ਜਾਣ ਵਾਲੇ ਜਾਂ ਵਿਪਾਰਕ ਕਾਰਣਾਂ ਵੱਜੋਂ ਬਣਾਏ ਗਏ, ਟ੍ਰੈਕਟਰ, ਬਸਾਂ, ਗਤਿਸ਼ੀਲ ਘਰ, ਮਨੋਰੰਜਕ ਵਾਹਨ, ਟ੍ਰਾਲੇ (ਪਹਿਆਂ ਸਮੇਤ ਜਾਂ ਵਗੈਰ), ਕੈਂਪਰ ਟ੍ਰਾਲੇ, ਕਿਸ਼ਤੀਆਂ ਜਾਂ ਦੂਜੇ ਪਾਣੀ ਵਾਲੇ ਵਾਹਨ ਅਤੇ ਕਿਸ਼ਤੀ ਟ੍ਰਾਲੇ ਆਦਿ ਬੋਰਡ ਵੱਲੋਂ ਬਣਾਏ ਗਏ ਗੈਰਾਜਾਂ ਜਾਂ ਸਥਾਨ ਵਿੱਚ ਖੜੇ ਕੀਤੇ ਜਾਣ, ਜੇਕਰ ਹੋਵੇ। ਜਮ੍ਹਾਂ ਕੀਤੇ ਜਾਂ ਨਾਂ ਚਲਾਏ ਜਾਣ ਵਾਲੇ ਵਾਹਨ ਜਾਂ ਜਿਨ੍ਹਾਂ ਕੋਲ ਚਲਾਉਣ ਵੱਜੋਂ ਮੌਜੂਦਾ ਲਾਇਸੈਂਸ ਨਾਂ ਹੋਣ ਦਿੱਤੇ ਗਏ ਗੈਰਾਜਾਂ ਤੋਂ ਇਲਾਵਾ ਅਚਲ ਸੰਪਤੀ ਉਤੇ ਕਿਤੇ ਵੀ ਅਨੁਮਤ ਨਹੀਂ ਹੋਣਗੇ। ਪਿੱਛੇ ਦਿੱਤੇ ਤੋਂ ਬਾਵਜੂਦ ਸੇਵਾ ਅਤੇ ਸਪੁਰਦਗੀ ਵਾਹਨ ਅਚਲ ਸੰਪਤੀ ਤੇ ਦਿਨ ਵੇਲੇ ਅਜਿਹੇ ਸਮੇਂ ਲਈ ਕਮਚਲਾਉ ਢੰਗ ਨਾਲ ਖੜੇ ਕੀਤੇ ਜਾ ਸਕਦੇ ਹਨ ਜੋ ਕਿ ਸੇਵਾ ਜਾਂ ਇੱਕ ਧੜੇ ਜਾਂ ਜਨਸਾਧਾਰਣ ਖੇਤਰ ਵਿੱਚ ਸਪੁਰਦਗੀ ਲਈ ਜਰੂਰੀ ਹੋਵੇ। ਬੋਰਡ ਵੱਲੋਂ ਲਾਗੂ ਨਿਯਮਾਂ ਮੁਤਾਬਕ ਇਸ ਅਨੁਛੇਦ ਦੇ ਵਿਰੁੱਧ ਖੜ੍ਹਾ ਕੋਈ ਵੀ ਵਾਹਨ ਮਾਲਕ ਦੇ ਖਰਚੇ ਉੱਤੇ ਘਸੀਟ ਲਿਆ ਜਾਵੇਗਾ। ਬੋਰਡ "ਪ੍ਰਤਿਬੰਧਤ ਵਾਹਨ" ਦੀ ਪਰਿਭਾਸ਼ਾ ਨੂੰ ਜਿਆਦਾ ਸਪਸ਼ਟ ਤਰੀਕੇ ਨਾਲ ਵਰਣਤ ਕਰਨਾ ਚਾਹੁੰਦਾ ਹੈ ਅਤੇ ਇਹ ਵਿਆਖਿਆ ਵੀ ਕਰਨਾ ਚਾਹੁੰਦਾ ਹੈ ਕਿ ਕਿਹੜੇ ਵਾਹਨ ਵਿਪਾਰਕ ਵਾਹਨ ਨਹੀਂ ਮਨੇ ਜਾਣਗੇ।

ਜਦਕਿ, ਬੋਰਡ ਹਰ ਸਦੱਸ ਨੂੰ ਡੀ.ਸੀ.ਸੀ.ਆਰ. ਦੇ ਅਨੁਛੇਦ 8.1 ਮੁਤਾਬਕ ਨਿਯਮਾਂ ਅਤੇ ਮਤਿੱਆਂ ਨੂੰ ਉਹਨਾ ਦੀ ਪ੍ਰਭਾਵਤ ਮਿਤੀ ਤੋਂ ਪਹਿਲਾਂ ਦੀ ਮਨਜੂਰੀ ਸਬੰਧੀ ਸੂਚਨਾ ਪੱਤਰ ਪ੍ਰਦਾਨ ਕਰਨਾ ਚਾਹੁੰਦਾ ਹੈ।

ਹੁਣ, ਇਸ ਸਬੰਧ ਵਿੱਚ, ਨਿਮਨਲਿਖਤ ਮਤੇ ਸਰਵਸਮੰਤੀ ਨਾਲ ਅਪਣਾਏ ਗਏ ਹਨ:-

ਠਣਿਆ ਜਾਂਦਾ ਹੈ ਕਿ ਸੰਸਥਾ ਅਧਿਕਾਰਯੋਗ ਹੈ ਅਤੇ ਇਥੇ ਬੋਰਡ, ਸੰਪਦਾ ਸੰਚਾਲਨ ਕੰਪਣੀ ਅਤੇ ਵਿਕਾਸ ਨਿਯੰਤਰਣ ਸਮਿਤੀ (ਡੀ.ਸੀ.ਸੀ.) ਨੂੰ ਕਿਸੇ ਘੇਰਾਬੰਦੀ ਦੇ ਸੁਧਾਰ ਬੇਨਤੀ ਦੀ ਸਮੀਖਿਆ ਕਰਨ ਵੇਲੇ ਨਿਮਨਲਿਖਤ ਬਯੋਰੇਵਾਰ ਘੇਰਾਬੰਦੀ ਵਿਆਖਿਆ ਅਪਣਾਉਣ ਅਤੇ ਉਪਯੋਗ ਕਰਨ ਦਾ ਨਿਰਦੇਸ਼ ਦਿੰਦੀ ਹੈ।

ਘੇਰਾਬੰਦੀ ਦੀ ਉਂਚਾਈ: ਕੋਈ ਘੇਰਾਬੰਦੀ ਨਿੱਚੇ ਦੱਸੇ ਕਿਸੇ ਵੀ ਦੱਸੇ ਗਏ ਸਜਾਵਟੀ ਵਿਸਤਾਰ ਨਾਲ ਉਚੇਰੀਆਂ ਟੋਪੀਆਂ ਛੱਡ ਕੇ ਵੱਧ ਤੋਂ ਵੱਧ ਛੇ (6) ਫੁੱਟ ਉੱਚੀ ਅਨੁਮਤ ਹੈ।

1) ਘੇਰਾਬੰਦੀ ਪੱਟੇ ਦੇ ਵਿਚਕਾਰ ਇੱਕ ਝੁਕਦਾ ਹੋਇਆ ਧਨੁਸ਼ਾਕਾਰ ਫੈਲਾਵ, ਜਿਥੇ ਘੇਰਾਬੰਦੀ ਦੀ ਵਿਚਲੀ ਉਂਚਾਈ 6 ਫੁੱਟ ਤੋਂ ਵੱਧ ਨਾ ਹੋਵੇ (ਮੋਡੇ ਦੇ ਰੂਪ ਵਿੱਚ)

2) ਘੇਰਾਬੰਦੀ ਪੱਟੇ ਦੇ ਵਿਚਕਾਰ ਇੱਕ ਉਠਿਆ ਹੋਇਆ ਫੈਲਾਵ, ਜਿਥੇ ਘੇਰਾਬੰਦੀ ਦੀ ਵਿਚਲੀ ਉਂਚਾਈ 6 ਫੁੱਟ ਤੋਂ ਵੱਧ ਨਾ ਹੋਵੇ (ਵਿਕਟੋਰਿਆ ਕਾਲੀਨ ਸੀਪ ਦੇ ਰੂਪ ਵਿੱਚ)

3) ਘੇਰਾਬੰਦੀ ਦੀ ਦਿਖਾਵਟ ਨੂੰ ਵੱਧ ਚੰਗਾ ਬਣਾਉਣ ਲਈ ਹਰ ਘੇਰਾਬੰਦੀ ਤੇ 1"x4" ਜਾਂ 1"x6" ਦੀ ਸਜਾਵਟੀ ਆਰਾਨੁਮਾ ਕਟਾਈ ਜਿਦਾਂ ਕਿ ਕੁਤੇ ਦੇ ਕੰਨਾ ਦੇ ਕਲਿੱਪ, ਨਿਰਦੇਸ਼ਿਤ ਸੂਚਕ ਦੇ ਰੂਪ ਵਿੱਚ, ਗੋਥਿਕ ਸੂਚਕ ਰੂਪ ਵਿੱਚ ਜਾਂ ਕਿਸੇ ਵੀ ਹੋਰ ਵਰਣਤ ਰੂਪ ਜੋਕਿ ਪੂਰੀ ਤਰ੍ਹਾਂ ਬੋਰਡ ਦੇ ਫੈਸਲੇ ਮੁਤਾਬਕ ਹੋਵੇ। ਨੋਟ: 2"x3" ਚੋੜੀ ਨੁਕੀਲੀ "ਚੋਖੜੀ" ਰੂਪ ਦੀ ਘੇਰਾਬੰਦੀ ਇਸ ਵਿਆਖਿਆ ਮੁਤਾਬਕ ਯੋਗ ਨਹੀਂ ਮੰਨੀ ਜਾਵੇਗੀ।

4) ਘੇਰਾਬੰਦੀ ਦੇ ਉਤਲੇ ਕਿਨਾਰੇ ਵਲ ਲੇਟਵੇਂ ਤਰਾਸ਼ੇ ਫਟੇ (ਟੋਪੀ ਸਮੇਤ ਜੇਕਰ ਲੋੜ ਹੋਵੇ), ਇਸ ਰੂਪ ਲਈ ਲੇਟਵੇਂ ਤਰਾਸ਼ੇ ਫਟੇ ਘੇਰਾਬੰਦੀ ਦੇ ਦੋਨਾਂ ਪਾਸੇ ਅੰਦਰੂਨੀ ਅਤੇ ਬਾਹਰੀ ਦ੍ਰਿਸ਼ ਤੋਂ ਇਕ ਜਿਹੇ ਹੋਣੇ ਚਾਹੀਦੇ ਹਨ।

5) ਜਾਲੀਨੁਮਾ ਟੋਪੀ

6) ਕੋਈ ਵੀ ਘੇਰਾਬੰਦੀ, ਜੋ ਕਿ ਉਪਰੋਕਤ ਦੱਸੇ ਮਨਜ਼ੂਰ ਵਿਸਤ੍ਰਿਤ ਸਜਾਵਟੀ ਘੇਰਾਬੰਦੀ ਮੁਤਾਬਕ ਨਾਂ ਹੋਵੇ, ਜੋਕਿ ਡੀ.ਸੀ.ਸੀ. ਸਮਿਤੀ ਅਤੇ/ਜਾਂ ਮਾਲਕ ਵੱਲੋਂ ਵਿਚਾਰਯੋਗ ਹੋਵੇ (ਚੋਖਡੀਨੁਮਾ ਰੂਪ ਦੀ ਘੇਰਾਬੰਦੀ ਤੋਂ ਬਾਹਰ) ਅਤੇ ਛੇ (6) ਫੁੱਟ ਦੀ ਸਮੁਚੀ ਉਂਚਾਈ ਮੁਤਾਬਕ ਹੋਵੇ, ਸਮੀਖਿਆ ਲਈ ਨਿਦੇਸ਼ਕ ਬੋਰਡ ਨੂੰ ਇਹ ਜਾਨਣ ਲਈ ਪੇਸ਼ ਕੀਤੀ ਜਾ ਸਕਦੀ ਹੈ ਕਿ ਉਹ ਖਾਸ ਘੇਰਾਬੰਦੀ ਮਨਜ਼ੂਰ ਕੀਤੀ ਜਾਵੇ ਜਾਂ ਮਨਾ ਕੀਤੀ ਜਾਵੇ।

ਠਣਿਆ ਜਾਂਦਾ ਹੈ ਕਿ ਸੰਸਥਾ ਅਧਿਕਾਰਯੋਗ ਹੈ ਅਤੇ ਇਥੇ ਬੋਰਡ, ਸੰਪਦਾ ਸੰਚਾਲਨ ਕੰਪਣੀ ਅਤੇ ਵਿਕਾਸ ਨਿਯੰਤਰਣ ਸਮਿਤੀ (ਡੀ.ਸੀ.ਸੀ.) ਨੂੰ ਕਿਸੇ ਪ੍ਰਤਿਬੰਧਤ ਵਾਹਨ ਦੀ ਸਿਕਾਇਤ ਦੀ ਸਮੀਖਿਆ ਕਰਨ

ਵੇਲੇ ਨਿਮਨਲਿਖਤ ਵਿਸਤ੍ਰਿਤ ਪ੍ਰਤਿਬੰਧਤ ਵਾਹਨ ਵੇਰਵਾ ਅਪਣਾਉਣ ਅਤੇ ਉਪਯੋਗ ਕਰਨ ਦਾ ਨਿਰਦੇਸ਼ ਦਿੰਦੀ ਹੈ।

ਵਿਪਾਰਕ ਵਾਹਨ: ਇੱਕ ਵਿਪਾਰਕ ਵਾਹਨ ਜੋ ਕਿ ਪ੍ਰਤਿਬੰਧਤ ਵਾਹਨ ਨਾਲ ਸਬੰਧ ਰਖਦਾ ਹੈ, ਅਗੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ:

1) ਵਾਹਨ ਜੋ ਕਿ 3/4 ਟਨ ਤੋਂ ਵੱਧ ਹੋਵੇ ਜਾਂ ਉਸਦੇ ਬਾਹਰਲੇ ਪਾਸੇ ਵਿਪਾਰਕ ਲਿਖਾਵਟ ਨਾ ਹੋਵੇ।

2) ਇਸ ਤੋਂ ਇਲਾਵਾ, ਅਨੁਛੇਦ 7.4(ਬੀ) ਮੁਤਾਬਕ ਵਿਪਾਰਕ ਵਾਹਨ "ਘਰੇਲੂ ਵਾਹਨਾਂ" ਲਈ ਨਿਯਤ ਖੜਾ ਕਰਨ ਦੀ ਥਾਂ ਤੇ (ਜਿਦਾਂ ਕਿ ਬੋਰਡ ਵੱਲੋਂ ਵਿਆਖਿਆ ਕੀਤੀ ਗਈ ਹੈ) ਕੰਪਨੀ ਜਾਂ ਨਿਗਮ ਦੇ ਨਾਂ, ਲੋਗੋ, ਜਾਣਕਾਰੀ ਆਦਿ ਨਾਲ ਅਨੁਮਤ ਨਹੀਂ ਹੈ। ਘਰੇਲੂ ਵਾਹਨ ਦੀ ਵਿਆਖਿਆ ਮੁਤਾਬਕ ਜਿਸ ਤਰ੍ਹਾਂ ਕਿ ਕਾਰ, ਟ੍ਰਕ ਜਾਂ ਵੈਨ ਜੋ ਕਿ ਸਾਧਾਰਨ ਸਵਾਰੀ ਵਾਹਨ ਦੇ ਆਕਾਰ ਮੁਤਾਬਕ ਹੋਵੇ ਅਤੇ ਦੂਜੀਆਂ ਸਾਧਾਰਣ ਤਬਦੀਲੀਆਂ ਜਿਵੇਂ ਕਿ ਵਾਹਨ ਉੱਤੇ ਪੌੜੀ-ਘੋੜੀ ਜਾਂ ਮਜਬੂਤ ਕਿਨਾਰੀ ਪਟਾ ਜੋ ਕਿ ਖਾਸਤੌਰ ਤੇ ਘਰ ਦੇ ਗੈਰਾਜ ਵਿੱਚ ਆ ਜਾਵੇ।

ਠਣਿਆ ਜਾਂਦਾ ਹੈ ਬੋਰਡ ਪੂਰਵਰਤੀ ਨਿਯਮਾਂ ਅਤੇ ਮਤਿੱਆਂ ਨੂੰ ਅਪਣਾਉਣ ਸਬੰਧੀ ਹਰੇਕ ਸਦੱਸ ਨੂੰ ਨਿਜੀ ਤੌਰ ਤੇ "ਮਾਲਕ ਮਕਾਨ ਸੰਸਥਾ ਦੇ ਨਿਯਮਾਂ ਅਤੇ ਮਤਿਆਂ ਦੀ ਇਤਲਾਹ" ਦੇ ਦਸਤਾਵੇਜ਼ ਭੇਜ ਸਕਦਾ ਹੈ। ਜੇਕਰ ਸਦੱਸ ਸਪੁਰਦਗੀ ਸਮੇਂ ਘਰ ਨਾਂ ਹੋਵੇ ਤਾਂ ਇਤਲਾਹ ਸਦੱਸ ਦੀ ਹਿਰਾਇਸ਼ ਦੇ ਛੱਡੀ ਜਾ ਸਕਦੀ ਹੈ।

ਠਾਣਿਆ ਜਾਂਦਾ ਹੈ ਕਿ ਪੂਰਵਰਤੀ ਨਿਯਮਾਂ ਅਤੇ ਮਤਿੱਆਂ ਦੀ ਪ੍ਰਭਾਵਤ ਮਿਤੀ ਜੂਨ 1, 2011 ਮੰਨੀ ਜਾਵੇਗੀ।

ਇਹ ਲਿਖਤ ਅਧਿਕਾਰ ਸੰਸਥਾਂ ਕੋਲ ਨਿਗਮ ਵਿਵਰਣ ਪੁਸਤਕ ਵਿੱਚ ਸ਼ਾਮਲ ਕਰਨ ਵੱਜੋਂ ਦਾਖਲ ਕੀਤਾ ਜਾਵੇਗਾ।

| ਨਾਂ | ਹਸਤਾਖਰ | ਮਿਤੀ |
|---|---|---|
| ਚੰਚਲ ਸਿੰਘ | ਹਸਤਾਖਰਤ | 5.6.2011 |
| ਬੇਵ ਲੈਂਡਿਜ਼ | ਹਸਤਾਖਰਤ | 5.6.2011 |
| ਡੋਨ ਪਿਗੁਸ਼ | ਹਸਤਾਖਰਤ | 5.6.2011 |
| ਬਲਵਿੰਦਰ ਸਿੰਘ | ਹਸਤਾਖਰਤ | 5.6.2011 |
| ਫ੍ਰੈਡ ਲਿਮਬਰਗਰ | ਹਸਤਾਖਰਤ | 5.6.2011 |